THE PUNJAB STATE BOARD OF TECHNICAL
EDUCATION AND INDUSTRIAL TRAINING
PLOT NO. 1-A, SEC. 36-A, CHANDIGARH PH. : 0172-2615385, 2622584-85 FAX : 2660734

ਨੰ:ਪੀ.ਐਸ.ਬੀ/ਆਈ.ਟੀ/2022/2051 ਅਤਿ ਜਰੂਰੀ ਮਿਤੀ: 23/09/22

ਸੇਵਾ ਵਿਖੇ

ਪ੍ਰਿੰਸੀਪਲ/ਮੁੱਖ ਅਧਿਆਪਕ
ਸਮੂਹ ਉਦਯੋਗਿਕ ਸਿਖਲਾਈ ਸੰਸਥਾਵਾਂ, ਆਰਟ ਐਂਡ ਕਰਾਫਟ ਅਤੇ
ਟੀਚਰ ਟ੍ਰੇਨਿੰਗ ਸੰਸਥਾਵਾਂ, ਪੰਜਾਬ ਰਾਜ ਅਧੀਨ।

ਵਿਸ਼ਾ: **ਪ੍ਰੀਖਿਆ ਸਤੰਬਰ-ਅਕਤੂਬਰ 2022 ਦੌਰਾਨ ਕਰਾਫਟਸਮੈਨ ਟ੍ਰੇਨਿੰਗ ਸਕੀਮ ਅਧੀਨ ਅਪੀਅਰ ਐਸ.ਸੀ.ਵੀ.ਟੀ ਟਰੇਡਾਂ, ਆਰਟ ਐਂਡ ਕਰਾਫਟ, ਪੰਜਾਬ ਸਟੈਨੋ ਅਤੇ ਟੀਚਰ ਟਰੇਨਿੰਗ ਟਰੇਡਾਂ ਵਿੱਚ ਹੋ ਰਹੇ ਰੈਗੁਲਰ/ਰੀਅਪੀਅਰ ਸਿਖਿਆਰਥੀਆਂ ਦੇ ਪ੍ਰੀਖਿਆ ਸੈਂਟਰ ਅਲਾਟ ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਕਰਾਫਟਸਮੈਨ ਟ੍ਰੇਨਿੰਗ ਸਕੀਮ ਅਧੀਨ ਐਸ.ਸੀ.ਵੀ.ਟੀ ਟ੍ਰੇਡਾਂ, ਆਰਟ ਐਂਡ ਕਰਾਫਟ, ਟੀਚਰ ਟਰੇਨਿੰਗ ਅਤੇ ਪੰਜਾਬੀ ਸਟੈਨੋ ਸਕੀਮ ਵਿੱਚ ਅਪੀਅਰ ਹੋਣ ਵਾਲੇ ਸਿਖਿਆਰਥੀਆਂ ਦੀ ਪ੍ਰੀਖਿਆ ਸਤੰਬਰ-ਅਕਤੂਬਰ 2022 ਵਿੱਚ ਲਈ ਜਾਣ ਲਈ 48 ਪ੍ਰੀਖਿਆ ਕੇਂਦਰ ਬਣਾਏ ਗਏ ਹਨ। ਇਹ ਸੈਂਟਰ ਲਿਸਟ ਬੋਰਡ ਵੈਬਸਾਈਟ ਤੇ ਅਪਲੋਡ ਕਰਦਿਆਂ ਸਮੂਹ ਸੰਸਥਾਵਾਂ ਨੂੰ ਹੇਠ ਦਰਸਾਏ ਅਨੁਸਾਰ ਹਦਾਇਤ ਕੀਤੀ ਜਾਂਦੀ ਹੈ:-

1. ਜਿਨ੍ਹਾਂ ਵੀ ਸੰਸਥਾਵਾਂ ਦੇ ਸਿਖਿਆਰਥੀ ਐਸ.ਸੀ.ਵੀ.ਟੀ ਪ੍ਰੀਖਿਆ ਵਿਚ ਸਤੰਬਰ-ਅਕਤੂਬਰ 2022 ਵਿਚ ਅਪੀਅਰ ਹੋਣ ਜਾ ਰਹੇ ਹਨ ਉਹਨਾਂ ਦੁਆਰਾ ਚੈਕ ਕਰ ਲਿਆ ਜਾਵੇ ਕਿ ਉਹਨਾਂ ਦੀ ਸੰਸਥਾ ਦਾ ਨਾਂ ਸੈਂਟਰ ਲਿਸਟ ਵਿਚ ਹੋਵੇ ਤਾਂ ਜੋ ਕਿਸੇ ਸੰਸਥਾ ਦਾ ਨਾਮ ਨਾ ਹੋਣ ਦੀ ਸੂਰਤ ਵਿਚ ਸੰਸਥਾ ਵਲੋਂ ਸੂਚਿਤ ਕੀਤੇ ਜਾਣ ਉਪਰੰਤ ਬੋਰਡ ਦਫਤਰ ਵਲੋਂ ਤੁਰੰਤ ਲੋੜੀਂਦੀ ਕਾਰਵਾਈ ਕੀਤੀ ਜਾ ਸਕੇ।
2. ਸਮੂਹ ਪ੍ਰੀਖਿਆ ਕੇਂਦਰ ਪ੍ਰੀਖਿਆ ਵਿਚ ਅਪੀਅਰ ਹੋਣ ਵਾਲੇ ਸਿਖਿਆਰਥੀ ਦੀ ਅੰਦਾਜਨ ਗਿਣਤੀ ਨੂੰ ਧਿਆਨ ਵਿਚ ਰੱਖਦੇ ਹੋਏ ਸੁੱਚਜੇ ਢੰਗ ਨਾਲ ਅਤੇ ਨਿਰਵਿਘਨ ਪ੍ਰੀਖਿਆ ਕੰਡਕਟ ਕਰਾਉਣ ਲਈ ਲੋੜੀਂਦੀ ਸਟਾਫ/ਫਰਨੀਚਰ/infrastructure/machinery- ਆਦਿ ਦਾ ਪੁਖਤਾ ਇੰਤਜਾਮ ਆਪਣੇ ਪੱਧਰ ਤੇ ਕਰਨਾ ਯਕੀਨੀ ਬਣਾਉਣਗੇ।
3. ਸਮੂਹ ਸੰਸਥਾਵਾਂ ਦੇ ਮੁੱਖੀਆਂ ਨੂੰ ਜੇਕਰ ਲੋੜੀਂਦਾ ਹੋਵੇ ਤਾਂ ਟਰਾਂਸਪੋਰਟ ਦਾ ਇੰਤਜਾਮ ਕਰਕੇ ਆਪਣੀ ਸੰਸਥਾ ਦੇ ਸਿਖਿਆਰਥੀਆਂ ਨੂੰ ਪ੍ਰੀਖਿਆ ਕੇਂਦਰ ਵਿਚ ਸਮੇਂ ਸਿਰ ਪਹੁੰਚਾਉਣਗੇ।
4. ਜਿਨ੍ਹਾਂ ਸੰਸਥਾਵਾਂ ਦੇ ਪ੍ਰੀਖਿਆ ਸੈਂਟਰ ਦੂਜੀਆਂ ਸੰਸਥਾਵਾਂ ਵਿਚ ਬਣਾਏ ਗਏ ਹਨ, ਉਹ ਸੰਸਥਾਵਾਂ ਉਪਰੋਕਤ ਦਰਸਾਏ ਕੋਰਸਾਂ ਵਿਚ ਅਪੀਅਰ ਹੋਣ ਵਾਲੇ ਰੈਗੁਲਰ ਅਤੇ ਰੀਅਪੀਅਰ ਸਿਖਿਆਰਥੀਆਂ ਦੀ ਗਿਣਤੀ ਬਾਰੇ ਪ੍ਰੀਖਿਆ ਕੇਂਦਰਾਂ ਨੂੰ ਸੂਚਿਤ ਕਰਨਗੇ।
5. ਟੀਚਰ ਟਰੇਨਿੰਗ, ਆਰਟ ਐਂਡ ਕਰਾਫਟ, ਪੰਜਾਬੀ ਸਟੈਨੋ ਅਤੇ ਕਰਾਫਟਮੈਨ ਟ੍ਰੇਨਿੰਗ ਸਕੀਮ ਅਧੀਨ ਐਸ.ਸੀ.ਵੀ.ਟੀ ਟਰੇਡਾਂ ਦੀਆਂ ਪ੍ਰੈਕਟੀਕਲ ਪ੍ਰੀਖਿਆਵਾਂ ਲਈ ਪ੍ਰੀਖਿਆ ਸੈਂਟਰ ਉਹਨਾਂ ਦੀ ਆਪਣੀ ਸੰਸਥਾ ਵਿਖੇ ਬਣਾਏ ਗਏ ਹਨ। ਸਰਕਾਰੀ ਸੰਸਥਾ ਪ੍ਰੈਕਟੀਕਲ ਪ੍ਰੀਖਿਆ ਦੌਰਾਨ ਆਪਣੇ ਅਧੀਨ ਬਣਾਏ ਗਏ ਪ੍ਰੈਕਟੀਕਲ

ਪ੍ਰੀਖਿਆ ਸੈਂਟਰਾਂ ਵਿੱਚ ਇਕ ਯੋਗ ਅਤੇ ਤਰਜਬੇਕਾਰ ਸਟਾਫ ਦੀ ਡਿਊਟੀ ਬਤੌਰ ਸੁਪਰਡੈਂਟ ਆਪਣੇ ਪੱਧਰ ਤੇ ਲਗਾਉਣਗੇ।

6. ਸੰਸਥਾਵਾਂ ਵਲੋਂ ਪ੍ਰੀਖਿਆਵਾਂ ਕੰਡਕਟ ਕਰਵਾਉਣ, ਪ੍ਰੈਕਟੀਕਲ ਪ੍ਰੀਖਿਆਵਾਂ ਦੀ ਮਾਰਕਿੰਗ ਅਤੇ ਪ੍ਰੀਖਿਆ ਨਾਲ ਜੁੜੇ ਸਾਰੇ ਕੰਮਾਂ ਵਿਚ secrecy ਅਤੇ transperancy ਦਾ ਧਿਆਨ ਰੱਖਿਆ ਜਾਵੇ।
7. ਪ੍ਰੀਖਿਆ ਕੇਂਦਰਾਂ ਵਿਚ ਕਿਸੇ ਵੀ ਤਰ੍ਹਾਂ ਦੀ ਹੁਲੜਬਾਜੀ ਨੂੰ ਰੋਕਣ ਲਈ Security/ਪੁਲਿਸ ਆਦਿ ਦਾ ਪ੍ਰਬੰਧ ਪ੍ਰੀਖਿਆਵਾਂ ਦੋਰਾਨ ਯਕੀਨੀ ਬਣਾਇਆ ਜਾਵੇ। ਇਸ ਸਬੰਧੀ ਲੋੜੀਂਦੀ ਕਾਰਵਾਈ ਸੰਸਥਾ ਦੇ ਪ੍ਰਿੰਸੀਪਲ/ਮੁਖੀ ਵਲੋਂ ਆਪਣੇ ਜਿਲ੍ਹੇ ਦੇ ਡਿਪਟੀ ਕਮੀਸ਼ਨਰ/SSP ਨਾਲ ਰਾਬਤਾ ਕੀਤਾ ਜਾਵੇ।

ਉਪਰੋਕਤ ਸਬੰਧੀ ਕਿਸੇ ਵੀ ਤਰ੍ਹਾਂ ਦੀ ਪ੍ਰੇਸ਼ਾਨੀ ਨੂੰ ਬੋਰਡ ਦਫਤਰ ਦੇ ਧਿਆਨ ਵਿਚ ਤੁਰੰਤ ਲਿਆਇਆ ਜਾਵੇ।

**ਕੰਟਰੋਲਰ ਪ੍ਰੀਖਿਆਵਾਂ ਆਈ.ਟੀ.ਆਈ**

**ਵਾਸਤੇ ਸਕੱਤਰ**

ਉਪਰੋਕਤ ਦਾ ਇਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ/ਅਗਲੇਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਪੀ.ਏ ਟੂ ਸਕੱਤਰ (ਸੂਚਨਾ ਹਿਤ)
2. ਸਿਸਟਮ ਐਡਮਿਨਸਟ੍ਰੇਟਰ (ਵੈਬਸਾਈਟ ਤੇ ਅਪਲੋਡ ਕਰਨ ਹਿਤ)